ਵੱਲੋ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਵੱਲ

ਮੈ/ਸ: ਮਾਧਵ ਐਗਰੋ ਫੂਡਜ਼,
ਚੀਮਾ ਰੋਡ, ਢੱਡਰੀਆਂ,
ਜਿਲ੍ਹਾ ਸੰਗਰੂਰ।

ਨੰ: 1526 ਮਿਤੀ: 31-5-18

**ਵਿਸ਼ਾ:** ਮਾਧਵ ਐਗਰੋ ਫੂਡਜ਼ ਢੱਡਰੀਆਂ ਨੂੰ ਰਸਤੇ ਲਈ ਐਨ.ਓ.ਸੀ. ਜਾਰੀ ਕਰਨ ਸਬੰਧੀ।

**ਹਵਾਲਾ:** ਆਪ ਦਾ ਪੱਤਰ ਮਿਤੀ 22.5.2018

ਉਪਰੋਕਤ ਵਿਸ਼ੇ ਸਬੰਧੀ ਉੱਪ ਮੰਡਲ ਇੰਜੀਨੀਅਰ, ਪ੍ਰਾਂਤਕ ਉੱਪ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ ਦੀ ਰਿਪੋਰਟ ਅਨੁਸਾਰ ਮਾਧਵ ਐਗਰੋ ਫੂਡਜ਼, ਢੱਡਰੀਆਂ ਦੀ ਸਾਇਟ ਦਾ ਮੁਆਇਨਾ ਕੀਤਾ ਗਿਆ। ਇਹ ਸ਼ੈਲਰ ਹਰੀਗੜ੍ਹ-ਝਾੜੋ ਰੋਡ ਦੇ ਕਿ.ਮੀ. 13 ਵਿਚਕਾਰ ਸੱਜੇ ਹੱਥ ਢੱਡਰੀਆਂ ਪਿੰਡ ਵਿੱਚ ਹੈ। ਸ਼ੈਲਰ ਪਹਿਲਾਂ ਤੋਂ ਹੀ ਚੱਲ ਰਿਹਾ ਹੈ। ਪ੍ਰਾਰਥੀ ਵੱਲੋ ਸ਼ੈਲਰ ਲਈ 8 ਮੀਟਰ (26 ਫੁੱਟ 3 ਇੰਚ) ਚੌੜੇ ਰਸਤੇ ਦੀ ਮੰਗ ਕੀਤੀ ਗਈ ਹੈ, ਜਿਸਦੀ ਬਣਦੀ ਫੀਸ ਰੁਪਏ 3000/- ਪ੍ਰਤੀ ਫੁੱਟ ਦੇ ਹਿਸਾਬ ਨਾਲ ਰੁਪਏ 78720/- (ਅਠੱਤਰ ਹਜਾਰ ਸੱਤ ਸੋ ਵੀਹ ਸਿਰਫ) ਡਰਾਫਟ ਨੰ: 854207 ਮਿਤੀ 29-5-2018 ਜੁਆਇੰਟ ਸੈਕਟਰੀ, ਪੀ.ਆਰ.ਬੀ.ਡੀ.ਬੀ. ਦੇ ਨਾਮ ਤੇ ਜਮ੍ਹਾਂ ਕਰਵਾ ਦਿੱਤੀ ਗਈ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮਾਧਵ ਐਗਰੋ ਫੂਡਜ਼, ਢੱਡਰੀਆਂ ਨੂੰ ਸਿਰਫ 8 ਮੀਟਰ (26 ਫੁੱਟ 3 ਇੰਚ) ਚੌੜਾ ਰਸਤਾ ਦੇਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਹੇਠ ਲਿਖਿਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ।

1. ਆਪ ਵੱਲੋ ਮਹਿਕਮਾਂ ਪੀ.ਡਬਲਯੂ.ਡੀ. ਦੀ ਬਾਉਂਡਰੀ ਅੰਦਰ ਕੋਈ ਉਸਾਰੀ ਨਹੀ ਕੀਤੀ ਜਾਵੇਗੀ।
2. ਪਾਣੀ ਦੀ ਡਿਸਪੋਜ਼ਲ ਵਾਸਤੇ ਡਰੇਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸੜਕ ਨੂੰ ਕਿਸੇ ਕਿਸਮ ਦਾ ਨੁਕਸਾਨ ਨਾਂ ਹੋਵੇ।
3. ਅਗਰ ਵਰਤਮਾਨ ਜਾਂ ਭਵਿੱਖ ਵਿੱਚ ਜਦੋਂ ਵੀ ਲੋੜ ਪਈ ਤਾਂ ਸੜਕ ਦੀ ਇੰਪਰੂਵਮੈਂਟ ਜਾਂ ਵਾਈਡਨਿੰਗ ਲਈ ਜੋ ਵੀ ਜਗ੍ਹਾ ਲੋੜੀਂਦੀ ਹੋਵੇਗੀ ਉਸ ਜਗ੍ਹਾ ਤੇ ਪਹਿਲਾਂ ਕੀਤੀ ਉਸਾਰੀ ਆਪ ਵੱਲੋਂ ਆਪਣੇ ਪੱਧਰ ਤੇ ਢੁਆਈ ਜਾਵੇਗੀ ਅਤੇ ਇਸ ਸਬੰਧੀ ਆਪ ਵੱਲੋਂ ਕੋਈ ਕਲੇਮ ਨਹੀਂ ਕੀਤਾ ਜਾਵੇਗਾ।
4. ਇਸ ਸਬੰਧੀ ਅਗਰ ਲੋੜ ਪਈ ਤਾਂ ਪ੍ਰਾਰਥੀ ਪੁੱਡਾ ਮਹਿਕਮੇਂ ਤੋਂ ਮਨਜ਼ੂਰੀ ਆਪਣੇ ਪੱਧਰ ਤੇ ਵੱਖਰੇ ਤੌਰ ਤੇ ਪ੍ਰਾਪਤ ਕਰੇਗਾ।
5. ਇਸ ਐਨ.ਓ.ਸੀ ਸਬੰਧੀ ਅਗਰ ਤੀਜੇ ਧਿਰ ਜਾ ਲੋਕਾਂ ਨੂੰ ਕੋਈ ਇਤਰਾਜ ਹੋਵੇਗਾ ਤਾਂ ਇਸ ਸਬੰਧੀ ਪ੍ਰਾਰਥੀ ਆਪਣੇ ਪੱਧਰ ਤੇ ਨਿਪਟਾਰਾ ਕਰੇਗਾ। ਉਸ ਹਾਲਤ ਵਿੱਚ ਦਿੱਤੀ ਐਨ.ਓ.ਸੀ ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ।
6. ਸੜਕ ਦੀ ਜਗ੍ਹਾ ਪਾਰਕਿੰਗ ਲਈ ਨਾ ਵਰਤੀ ਜਾਵੇ।
7. ਸੜਕ ਦੀ ਜਗ੍ਹਾ ਵਿੱਚ ਕੂੜਾ ਕਰਕਟ ਨਾਂ ਸੁੱਟਿਆ ਜਾਵੇ।
8. ਅਗਰ ਆਪ ਵੱਲੋਂ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਕੀਤੀ ਗਈ ਤਾਂ ਇਹ ਐਨ.ਓ.ਸੀ ਰੱਦ ਕਰ ਦਿੱਤਾ ਜਾਵੇਗਾ, ਜਿਸਦੀ ਸਾਰੀ ਜਿੰਮੇਵਾਰੀ ਤੁਹਾਡੀ ਆਪਣੀ ਹੋਵੇਗੀ।

ਇਹ ਐਨ.ਓ.ਸੀ. ਮਹਿਕਮਾਂ ਪੀ.ਡਬਲਯੂ.ਡੀ. ਵੱਲੋ ਸਿਰਫ 8 ਮੀਟਰ (26 ਫੁੱਟ 3 ਇੰਚ) ਚੌੜਾ ਰਸਤਾ ਦੇਣ ਲਈ ਜਾਰੀ ਕੀਤੀ ਜਾਂਦੀ ਹੈ। ਬਾਕੀ ਮਹਿਕਮੇ ਨਾਲ ਸਬੰਧਤ ਐਨ.ਓ.ਸੀ. ਲੋੜ ਅਨੁਸਾਰ ਪ੍ਰਾਰਥੀ ਆਪਣੇ ਪੱਧਰ ਤੇ ਲੈਣ ਦਾ ਜਿੰਮੇਵਾਰ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਪਿੱਠਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ:-

**Regd.** 1. ਜੁਆਇੰਟ ਸਕੱਤਰ, ਪੀ.ਆਰ.ਬੀ.ਡੀ.ਬੀ., ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਸਮੇਤ ਪ੍ਰਾਰਥੀ ਵੱਲੋ ਪ੍ਰਾਪਤ ਹੋਇਆ ਐਨ.ਓ.ਸੀ. ਦੀ ਫੀਸ ਦਾ ਡਰਾਫਟ ਨੰ: 854207 ਮਿਤੀ 29-5-2018 ਬਾਬਤ ਰੁਪਏ 78720/- (ਰੁਪਏ ਅਠੱਤਰ ਹਜਾਰ ਸੱਤ ਸੋ ਵੀਹ ਸਿਰਫ) ਭੇਜ ਕੇ ਬੇਨਤੀ ਹੈ ਕਿ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ।

2. ਉੱਪ ਮੰਡਲ ਇੰਜੀਨੀਅਰ, ਪ੍ਰਾਂਤਕ ਉੱਪ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ ਨੂੰ ਉਨ੍ਹਾਂ ਦੇ ਪੱਤਰ ਨੰ: 189 ਮਿਤੀ 28-05-2018 ਦੇ ਸਬੰਧ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਡਰਾਫਟ ਨੰ: 854207 ਮਿਤੀ 29-5-18
(ਨੰ: 1 ਦੇ ਲਈ)

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

For Madhav Agro Foods
Sole Prop.